# ਸਰਬੱਤ ਖ਼ਾਲਸਾ ਇੰਕ. ਦਾ ਵਿਧਾਨ

ਸਰਬੱਤ ਖਾਲਸਾ ਜਥੇਬੰਦੀ ਗੁਰਮਤਿ ਦੇ ਚਾਨਣ ਵਿੱਚ ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰਦੀ ਇੱਕ ਖੁਦਮੁਖਤਿਆਰ ਸੰਸਥਾ ਹੈ, ਜੋ ਕਿਸੇ ਖਾਸ ਦੇਸ਼-ਸਥਾਨ ਨਾਲ ਬੱਝੇ ਬਿਨਾ, ਪੂਰਨ ਪਾਰਦਰਸ਼ਤਾ ਨਾਲ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ।

https://sarbatkhalsa.world

# ਸਰਬੱਤ ਖਾਲਸਾ ਇੰਕ. ਦਾ ਵਿਧਾਨ

## ੧. ਪਰਿਭਾਸ਼ਾ:

ਸਰਬੱਤ ਖਾਲਸਾ ਜਥੇਬੰਦੀ ਗੁਰਮਤਿ ਦੇ ਚਾਨਣ ਵਿੱਚ ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰਦੀ ਇੱਕ ਖੁਦਮੁਖਤਿਆਰ ਸੰਸਥਾ ਹੈ, ਜੋ ਕਿਸੇ ਖਾਸ ਦੇਸ਼-ਸਥਾਨ ਨਾਲ ਬੱਝੇ ਬਿਨਾ, ਪੂਰਨ ਪਾਰਦਰਸ਼ਤਾ ਨਾਲ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ।

## ੨. ਉਦੇਸ਼:

ਗੁਰਮਤਿ ਦੁਆਰਾ ਬਖਸ਼ੀ ਸਰਬਪੱਖੀ ਜੀਵਨ-ਜੁਗਤ ਨੂੰ ਦ੍ਰਿੜ੍ਹ ਕਰਨ ਤੇ ਕਰਾਉਣ ਲਈ ਸਦਾ ਸਰਗਰਮ ਰਹਿਣਾ। ਸਿੱਖਾਂ ਨੂੰ ਦਰਪੇਸ਼ ਹਰ ਖੇਤਰ ਦੀਆਂ ਸਮੱਸਿਆਵਾਂ ਦਾ ਸੰਸਾਰ ਪੱਧਰੀ ਹੱਲ ਲੱਭਣ ਲਈ ਕਾਰਜਸ਼ੀਲ ਰਹਿਣਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬਉੱਚਤਾ, ਸਿੱਖਾਂ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਹਮੇਸ਼ਾਂ ਸਮਰਪਿਤ ਰਹਿਣਾ।

## ੩. ਜਥੇਬੰਦੀ ਦੀ ਬਣਤਰ ਲਈ ਪ੍ਰਕਿਰਿਆ ਦੀ ਤਰਤੀਬ:

ਇੱਕ ਜਥੇਬੰਦੀ ਵਜੋਂ ਸਰਬੱਤ ਖਾਲਸਾ ਦੀ ਨਿਰੰਤਰਤਾ ਲਈ ਪ੍ਰਕਿਰਿਆ ਹੇਠ ਲਿਖੀ ਤਰਤੀਬ ਅਨੁਸਾਰ ਹੈ:

੩.੧: ਦੁਨੀਆ ਭਰ ਦੀਆਂ ਵੱਖ-ਵੱਖ ਸਿੱਖ ਸੰਸਥਾਵਾਂ ਸਰਬੱਤ ਖਾਲਸਾ ਜਥੇਬੰਦੀ ਵਿੱਚ ਆਪਣੇ ਆਪ ਨੂੰ ਰਜਿਸਟਰ ਕਰਨ ਲਈ ਆਨਲਾਈਨ ਫਾਰਮ ਭਰਨਗੀਆਂ।

੩.੨: ਯੋਗਤਾ ਦੇ ਮਿਆਰ (ਹਵਾਲਾ: ਧਾਰਾ ੬) ਦੇ ਆਧਾਰ 'ਤੇ ਪੰਜ ਪ੍ਰਧਾਨੀ ਕੌਂਸਲ ਦੇ ਮੌਜੂਦਾ ਪੰਜ ਪਿਆਰੇ ਰਜਿਸਟ੍ਰੇਸ਼ਨ ਨੂੰ ਮਨਜ਼ੂਰ ਜਾਂ ਨਾਮਨਜ਼ੂਰ ਕਰਨਗੇ।

(ਨੋਟ: ਸਰਬੱਤ ਖਾਲਸਾ ਜਥੇਬੰਦੀ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ, ਕਾਰਜਕਾਰੀ ਪੰਜ ਪ੍ਰਧਾਨੀ ਕੌਂਸਲ ਦੇ ਕਾਰਜਕਾਰੀ ਪੰਜ ਪਿਆਰਿਆਂ ਨੂੰ ਸਰਬੱਤ ਖਾਲਸਾ ਦੀ ਥਿੰਕ ਟੈਂਕ ਟੀਮ ਵਲੋਂ ਨਾਮਜ਼ਦ ਕੀਤਾ ਗਿਆ ਹੈ। ਕਾਰਜਕਾਰੀ ਪੰਜ ਪਿਆਰਿਆਂ ਨੂੰ ਸਰਬੱਤ ਖਾਲਸਾ ਪੰਚਾਇਤ ਵਾਸਤੇ ਨਾਮਜ਼ਦ ਨਹੀਂ ਕੀਤਾ ਜਾ ਸਕਦਾ।)

੩.੩: ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਲਈ ਨਾਮਜ਼ਦਗੀਆਂ ਹੇਠ ਲਿਖੇ ਦੋ ਤਰੀਕਿਆਂ ਨਾਲ ਕੀਤੀਆਂ ਜਾ ਸਕਦੀਆਂ ਹਨ:

i. ਪ੍ਰਵਾਨਿਤ ਸਿੱਖ ਸੰਸਥਾਵਾਂ ਸਰਬੱਤ ਖਾਲਸਾ ਪੰਚਾਇਤ ਲਈ ਆਪਣੇ ਨੁਮਾਇੰਦਿਆਂ ਦੀ ਨਾਮਜ਼ਦਗੀਆਂ ਭੇਜਣਗੀਆਂ ਜਿਨ੍ਹਾਂ ਕੋਲ ਅੰਤਿਕਾ ਟੇਬਲ-੨ ਵਿੱਚ ਦਰਸਾਈਆਂ ਗਈਆਂ ਨਿਪੁੰਨਤਾਵਾਂ ਵਿੱਚੋਂ ਕੋਈ ਇੱਕ ਜ਼ਰੂਰ ਹੋਵੇ। ਸਿੱਖ ਸੰਸਥਾਵਾਂ ਆਪਣੇ ਖਿੱਤੇ ਵਿੱਚੋਂ ਹੀ ਨਾਮਜ਼ਦਗੀਆਂ ਭੇਜਣਗੀਆਂ। ਇੱਕ ਸੰਸਥਾ ਵੱਧ ਤੋਂ ਵੱਧ ਦੋ ਨਾਮਜ਼ਦਗੀਆਂ ਭੇਜ ਸਕਦੀ ਹੈ।

ii. ਉਹ ਵਿਅਕਤੀ ਜਿਨ੍ਹਾਂ ਨੂੰ ਕਿਸੇ ਸਿੱਖ ਸੰਸਥਾ ਦੁਆਰਾ ਨਾਮਜ਼ਦ ਨਹੀਂ ਕੀਤਾ ਗਿਆ ਪਰ ਉਹਨਾ ਟੇਬਲ-੨ ਵਿੱਚ ਪਰਿਭਾਸ਼ਿਤ ਕਿਸੇ ਵੀ ਨਿਪੁੰਨਤਾ ਵਿੱਚ ਸਿੱਖ ਸਮਾਜ ਲਈ ਉਘਾ ਯੋਗਦਾਨ ਪਾਇਆ ਹੈ, ਨੂੰ ਸਰਬੱਤ ਖਾਲਸਾ ਪੰਚਾਇਤ ਲਈ ਨਾਮਜ਼ਦ ਕਰਨ ਵਾਸਤੇ ਸਿੱਖ ਸੰਗਤ ਵਿੱਚੋਂ ਕੋਈ ਵੀ ਈ-ਮੇਲ ਰਾਹੀਂ ਲਿਖਤੀ ਬੇਨਤੀ ਭੇਜ ਸਕਦਾ / ਸਕਦੀ ਹੈ। ਜੇਕਰ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰੇ ਉਸ ਵਿਅਕਤੀ ਦੇ ਨਾਮ ਨਾਲ ਸਹਿਮਤ ਹੁੰਦੇ ਹਨ, ਤਾਂ ਉਸਦੀ ਨਾਮਜ਼ਦਗੀ ਮਨਜ਼ੂਰ ਹੋ ਜਾਵੇਗੀ।

੩.੪: ਯੋਗਤਾ ਦੇ ਮਿਆਰ (ਹਵਾਲਾ: ਧਾਰਾ ੭) ਦੇ ਆਧਾਰ 'ਤੇ ਪੰਜ ਪ੍ਰਧਾਨੀ ਕੌਂਸਲ ਦੇ ਮੌਜੂਦਾ ਪੰਜ ਪਿਆਰੇ ਸਿੱਖ ਸੰਸਥਾਵਾਂ ਦੁਆਰਾ ਭੇਜੀਆਂ ਗਈਆਂ ਨਾਮਜ਼ਦਗੀਆਂ ਨੂੰ ਮਨਜ਼ੂਰ ਜਾਂ ਨਾਮਨਜ਼ੂਰ ਕਰਨਗੇ।

੩.੫: ਸਰਬੱਤ ਖਾਲਸਾ ਪੰਚਾਇਤ ਲਈ ਭੇਜੀਆਂ ਗਈਆਂ ਪ੍ਰਵਾਨਿਤ ਨਾਮਜ਼ਦਗੀਆਂ ਵਿੱਚੋਂ ਪੰਜ ਸੌ ਤੱਕ ਨੂੰ ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਵਜੋਂ ਅੰਤਿਮ ਰੂਪ ਦਿੱਤਾ ਜਾਵੇਗਾ। ੫੦੦ ਦੀ ਗਿਣਤੀ ਇਸ ਤਰਾਂ ਵੰਡੀ ਗਈ ਹੈ- ੧੭੫ ਪੰਜਾਬ ਤੋਂ, ੭੫ ਬਾਕੀ ਭਾਰਤ ਤੋਂ ਅਤੇ ੨੫੦ ਬਾਕੀ ਦੇਸ਼ਾਂ ਤੋਂ। ਇਹਨਾ ਤਿੰਨ ਖਿੱਤਿਆਂ ਦੇ ਅੰਦਰ ਵੰਡ ਸਿੱਖਾਂ ਦੀ ਜਨਸੰਖਿਆ ਅਧਾਰਤ ਹੈ (ਹਵਾਲਾ: ਅੰਤਿਕਾ ਟੇਬਲ-੧)। ਨਾਮਜ਼ਦਗੀਆਂ ਵਿੱਚੋਂ ਨੁਮਾਇੰਦਿਆਂ ਨੂੰ ਤਰਜੀਹ ਦੀ ਤਰਤੀਬ ਦੇ ਆਧਾਰ 'ਤੇ ਚੁਣਿਆ ਜਾਵੇਗਾ (ਹਵਾਲਾ: ਧਾਰਾ ੮)। ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਦੀ ਮਿਆਦ ਪੰਜ ਸਾਲ ਹੈ। ਇਹ ਪ੍ਰਕਿਰਿਆ ਪੰਚ ਪ੍ਰਧਾਨੀ ਕੌਂਸਲ ਦੀ ਅਗਵਾਈ ਵਿੱਚ ਪੂਰੀ ਕੀਤੀ ਜਾਵੇਗੀ।

੩.੬: ਸਰਬੱਤ ਖਾਲਸਾ ਪੰਚਾਇਤ ਵਿੱਚੋਂ ੨੫ ਗੁਰਸਿੱਖ ਕੋਰ ਕਮੇਟੀ ਦੇ ਮੈਂਬਰ ਹੋਣਗੇ, ਜੋ ਜਾਂ ਤਾ ਖੁਦ ਵਲੰਟੀਅਰ ਕਰ ਸਕਦੇ ਹਨ ਜਾਂ ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦੇ ਦੂਸਰੇ ਨੁਮਾਇੰਦਿਆਂ ਨੂੰ ਨਾਮਜ਼ਦ ਕਰ ਸਕਦੇ ਹਨ। ਉਹਨਾਂ ਨੂੰ ਅੰਤਿਕਾ ਟੇਬਲ-੨ ਵਿੱਚ ਦਰਸਾਈਆਂ ਗਈਆਂ ਨਿਪੁੰਨਤਾਵਾਂ ਵਿੱਚੋਂ ਚੁਣਿਆ ਜਾਵੇਗਾ, ਅਤੇ ਅੰਤਿਕਾ ਟੇਬਲ-੧ ਵਿੱਚ ਦਰਸਾਏ ਖਿੱਤਿਆਂ ਦੀ ਨੁਮਾਇੰਦਗੀ ਨੂੰ ਦੂਜੀ ਤਰਜੀਹ ਦਿੱਤੀ ਜਾਵੇਗੀ। ਇਹ ਪ੍ਰਕ੍ਰਿਆ ਪੰਜ ਪ੍ਰਧਾਨੀ ਕੌਂਸਲ ਦੀ ਨਿਗਰਾਨੀ ਹੇਠ ਹੋਵੇਗੀ। ਗੁਰਸਿੱਖ ਕੋਰ ਕਮੇਟੀ ਦੀ ਮਿਆਦ ਪੰਜ ਸਾਲ ਹੈ।

੩.੭: ਗੁਰਸਿੱਖ ਕੋਰ ਕਮੇਟੀ ਦੇ ਮੈਂਬਰ 'ਆਪਣੇ ਆਪ ਤੋਂ ਇਲਾਵਾ' ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਵਿੱਚੋਂ ਪੰਜ ਪ੍ਰਧਾਨੀ ਕੌਂਸਲ ਲਈ ਪੰਜ ਪਿਆਰਿਆਂ ਦੇ ਨਾਵਾਂ ਤੇ ਸਹਿਮਤੀ ਬਣਾਉਣਗੇ। ਜਿਹੜੇ ਕਿ ਦੋ ਪੰਜਾਬ ਤੋਂ, ਇੱਕ ਬਾਕੀ ਭਾਰਤ ਤੋਂ, ਇੱਕ ਜੀ੭ ਦੇਸ਼ਾਂ ਵਿੱਚੋਂ, ਅਤੇ ਇੱਕ ਬਾਕੀ ਦੁਨੀਆ ਤੋਂ ਹੋਣਗੇ (ਹਵਾਲਾ: ਅੰਤਿਕਾ ਟੇਬਲ-੧)। ਪੰਜ ਪ੍ਰਧਾਨੀ ਕੌਂਸਲ ਲਈ ਪੰਜ ਪਿਆਰਿਆਂ ਦੀ ਮਿਆਦ ਪੰਜ ਸਾਲ ਹੈ, ਪਰ ਮਿਆਦ ਸ਼ੁਰੂ ਹੋਣ ਦੇ ਸਮੇਂ ਵਿੱਚ ਅੰਤਰ ਹੋਵੇਗਾ ਜੋ ਹੇਠ ਦਿੱਤੇ ਵੇਰਵੇ ਅਨੁਸਾਰ ਹੈ:

i. ਸਰਬੱਤ ਖਾਲਸਾ ਜਥੇਬੰਦੀ ਦੇ ਪਹਿਲੇ ਸਾਲ ਵਿੱਚ ਗੁਰਸਿੱਖ ਕੋਰ ਕਮੇਟੀ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰਿਆਂ ਲਈ ਤਿੰਨ ਨਵੇਂ ਨਾਮ ਤੇ ਸਹਿਮਤੀ ਬਣਾਵੇਗੀ, ਜਦਕਿ ਦੋ ਪਿਛਲੀ ਮਿਆਦ ਦੇ ਸਰਬੱਤ ਖਾਲਸਾ ਜਥੇਬੰਦੀ ਵਿੱਚੋਂ ਹੋਣਗੇ। ਇਸ ਤਰਾਂ ਪਿਛਲੀ ਮਿਆਦ ਦੇ ਸਰਬੱਤ ਖਾਲਸਾ ਜਥੇਬੰਦੀ ਵਿੱਚੋਂ ਹੋਣ ਨਾਲ ਚਲ ਰਹੇ ਕਾਰਜ ਅਤੇ ਵਿਚਾਰ-ਵਟਾਂਦਰੇ ਨੂੰ ਨਿਰੰਤਰਤਾ ਮਿਲੇਗੀ।

ii. ਸਰਬੱਤ ਖਾਲਸਾ ਜਥੇਬੰਦੀ ਦੇ ਢਾਈ ਸਾਲ ਪੂਰੇ ਹੋਣ ਤੇ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰਿਆਂ ਵਿੱਚੋਂ ਦੋ ਦੀ ਪੰਜ ਸਾਲ ਦੀ ਮਿਆਦ ਪੂਰੀ ਹੋ ਜਾਵੇਗੀ। ਗੁਰਸਿੱਖ ਕੋਰ ਕਮੇਟੀ ਇਹਨਾ ਦੀ ਜਗ੍ਹਾ ਦੋ ਨਵੇਂ ਨਾਵਾਂ ਤੇ ਸਹਿਮਤੀ ਬਣਾਵੇਗੀ।

(ਪ੍ਰਕਿਰਿਆ ਸ਼ੁਰੂ ਕਰਨ ਲਈ ਧਾਰਾ ੩.੭.i ਵਿੱਚ ਪੰਜ ਪਿਆਰਿਆਂ ਵਿਚੋਂ ਦੋ ਕਾਰਜਕਾਰੀ ਪੰਜ ਪਿਆਰਿਆਂ ਵਿਚੋਂ ਹੋਣਗੇ। ਇਸ ਤਰਾਂ ਗੁਰਸਿੱਖ ਕੋਰ ਕਮੇਟੀ ਦੁਆਰਾ ਪੰਜ ਪਿਆਰਿਆਂ ਲਈ ਦੋ ਕਾਰਜਕਾਰੀ ਪੰਜ ਪਿਆਰਿਆਂ ਵਿਚੋਂ ਅਤੇ ਤਿੰਨ ਸਰਬੱਤ ਖਾਲਸਾ ਪੰਚਾਇਤ ਵਿਚੋਂ ਸਥਾਪਤ ਕੀਤਾ ਜਾਵੇਗਾ।)

੩.੮: ਉਪਰੋਕਤ ਵਿਧਾਨ ਨਾਲ ਥਾਪੇ ਗਏ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰੇ ਹੀ ਸਰਬੱਤ ਖਾਲਸਾ ਜਥੇਬੰਦੀ ਦੇ ਪੰਜ ਪਿਆਰੇ ਹੋਣਗੇ। ਉਹ ਸਿੱਖ ਸੰਸਥਾਵਾਂ ਦੀ ਰਜਿਸਟ੍ਰੇਸ਼ਨ ਲਈ ਨਵੇਂ ਫਾਰਮਾਂ ਨੂੰ ਮਨਜ਼ੂਰ ਜਾਂ ਨਾਮਨਜ਼ੂਰ ਕਰਨਗੇ (ਹਵਾਲਾ: ਧਾਰਾ ੩.੧; ੩.੨), ਅਤੇ ਫਿਰ ਅੱਗੇ ਦੀ ਪ੍ਰਕਿਰਿਆ ਨਿਰੰਤਰ ਚਲਦੀ ਰਹੇਗੀ।

੩.੯: ਆਪਣੇ ਕਾਰਜਕਾਲ ਦੀ ਮਿਆਦ ਦੌਰਾਨ, ਕਿਸੇ ਕਾਰਨ ਕਰਕੇ ਅਗਰ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰਿਆਂ ਵਿੱਚੋਂ ਕੋਈ ਇੱਕ ਜਾਂ ਇੱਕ ਤੋਂ ਵੱਧ ਸੇਵਾ ਜਾਰੀ ਨਾ ਰੱਖ ਸਕੇ, ਅਜਿਹੀ ਸਥਿਤੀ ਵਿੱਚ, ਗੁਰਸਿੱਖ ਕੋਰ ਕਮੇਟੀ ਉਸੇ ਖਿੱਤੇ ਨਾਲ ਸਬੰਧਤ ਸਰਬੱਤ ਖਾਲਸਾ ਪੰਚਾਇਤ ਦੇ ਬਾਕੀ ਨੁਮਾਇੰਦਿਆਂ ਵਿੱਚੋਂ ਬਦਲ ਲੱਭੇਗੀ। ਇਸੇ ਤਰ੍ਹਾਂ ਗੁਰਸਿੱਖ ਕੋਰ ਕਮੇਟੀ ਮੈਂਬਰਾਂ ਦਾ ਬਦਲ, ਖਾਲੀ ਪੱਦ ਦੀ ਸਥਿਤੀ ਵਿੱਚ ਪੰਜ ਪ੍ਰਧਾਨੀ ਕੌਂਸਲ ਵਲੋਂ ਕੀਤਾ ਜਾਵੇਗਾ। ਇਹ ਬਦਲ ਬਕਾਇਆ ਮਿਆਦ ਦੇ ਸਮੇਂ ਲਈ ਹੋਵੇਗਾ, ਨਾ ਕਿ ਪੰਜ ਸਾਲਾਂ ਲਈ।

੩.੧੦: ਅਗਰ ਬਾਹਰੀ ਕਾਰਨਾਂ ਕਰਕੇ ਕਿਸੇ ਖਿੱਤੇ / ਦੇਸ਼ ਵਿੱਚ ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਨੂੰ ਨਾਮਜ਼ਦ ਨਹੀਂ ਕੀਤਾ ਜਾ ਸਕਦਾ ਹੋਵੇ, ਐਸੀ ਸਥਿਤੀ ਵਿੱਚ ਉਸ ਖਿੱਤੇ / ਦੇਸ਼ ਦੇ ਨੁਮਾਇੰਦਿਆਂ ਦੀ ਜਗ੍ਹਾ ਖਾਲੀ ਰਹੇਗੀ। ਜਿਸ ਨਾਲ ਸਰਬੱਤ ਖਾਲਸਾ ਪੰਚਾਇਤ ਦੇ ਕੁੱਲ ਨੁਮਾਇੰਦਿਆਂ ਦੀ ਗਿਣਤੀ ੫੦੦ ਤੋਂ ਘੱਟ ਜਾਵੇਗੀ। ਪਰ, ਗੁਰਸਿੱਖ ਕੋਰ ਕਮੇਟੀ ਦੇ ੨੫ ਮੈਂਬਰ ਅਤੇ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰਿਆਂ ਦੀ ਗਿਣਤੀ ਬਾਕੀ ਖਿੱਤਿਆਂ ਵਿੱਚੋਂ ਵਧਾਕੇ ਹਮੇਸ਼ਾਂ ਪੂਰੀ ਰੱਖੀ ਜਾਵੇਗੀ। (ਧਾਰਾ ੩.੧੦ ਕੇਵਲ ਬਾਹਰੀ ਕਾਰਨਾਂ ਕਰਕੇ ਪੈਦਾ ਹੋਈ ਅਪਵਾਦ ਦੀ ਸਥਿਤੀ ਵਿੱਚ ਲਾਗੂ ਹੋਵੇਗੀ)

## ੪. ਨਿਰਪੱਖਤਾ ਲਈ ਧਾਰਾਵਾਂ:

੪.੧: ਕਿਉਂਕਿ ਪੰਜ ਪ੍ਰਧਾਨੀ ਕੌਂਸਲ ਪ੍ਰਵਾਨਗੀ ਅਥਾਰਟੀ ਹੈ, ਹਿੱਤਾਂ ਦੇ ਟਕਰਾਅ ਤੋਂ ਬਚਣ ਲਈ ਪੰਜ ਪਿਆਰਿਆਂ ਨੂੰ ਦੁਬਾਰਾ ਨਾਮਜ਼ਦ ਨਹੀਂ ਕੀਤਾ ਜਾ ਸਕਦਾ।

੪.੨: ਜਿਸ ਤਰਾਂ ਸਿੱਖ ਸੰਸਥਾਵਾਂ ਅਤੇ ਨਾਮਜ਼ਦਗੀਆਂ ਨੂੰ ਮਨਜ਼ੂਰ ਕਰਨ ਵਾਸਤੇ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰਿਆਂ ਦੀ ਪ੍ਰਵਾਨਗੀ ਲਾਜ਼ਮੀ ਹੈ, ਉਸੇ ਤਰਾਂ ਰਜਿਸਟਰ ਹੋ ਚੁੱਕੀਆਂ ਸੰਸਥਾਵਾਂ ਅਤੇ ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਨੂੰ ਯੋਗਤਾ ਦੇ ਮਾਪਦੰਡ ਤੇ ਪੂਰਾ ਨਾ ਉਤਰਨ ਤੇ ਸਰਬੱਤ ਖਾਲਸਾ ਤੋਂ ਸੇਵਾ ਮੁਕਤ ਕਰਨ ਲਈ ਵੀ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰਿਆਂ ਵਲੋਂ ਪ੍ਰਵਾਨਗੀ ਲਾਜ਼ਮੀ ਹੈ।

੪.੩: ਰਜਿਸਟਰਡ ਸੰਸਥਾਵਾਂ ਜਾਂ ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦੇ ਜਦੋਂ ਚਾਹੁਣ ਸਰਬੱਤ ਖਾਲਸਾ ਤੋਂ ਆਪਣੇ-ਆਪ ਸੇਵਾ ਮੁਕਤ ਹੋ ਸਕਦੇ ਹਨ।

੪.੪: ਸਰਬੱਤ ਖਾਲਸਾ ਜਥੇਬੰਦੀ ਪਾਰਦਰਸ਼ੀ ਫੰਡਿੰਗ ਨੀਤੀ ਅਨੁਸਾਰ ਲੋੜੀਂਦੇ ਕਾਰਜਾਂ ਤੇ ਖਰਚਾ ਕਰੇਗਾ ਅਤੇ ਇਸਦੀ ਅੰਤਰਰਾਸ਼ਟਰੀ ਮਿਆਰਾਂ ਅਨੁਸਾਰ ਵਿੱਤੀ ਆਡਿਟ ਦੀ ਨੀਤੀ ਹੋਵੇਗੀ। ਫੰਡਿੰਗ ਅਤੇ ਵਿੱਤੀ ਆਡਿਟ ਦੀ ਨੀਤੀ ਵਾਸਤੇ ਕਮੇਟੀ ਦਾ ਗਠਨ ਅਤੇ ਲਾਗੂ ਕਰਨ ਦੀ ਪ੍ਰਕ੍ਰਿਆ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰਿਆਂ ਦੀ ਨਿਗਰਾਨੀ ਹੇਠ ਹੀ ਹੋਵੇਗੀ (ਹਵਾਲਾ: ਧਾਰਾ ੫)।

੪.੫: ਵੈਬਸਾਈਟ, ਸੋਸ਼ਲ ਮੀਡੀਆ ਖਾਤਿਆਂ, ਡੇਟਾ ਸੁਰੱਖਿਆ ਅਤੇ ਹੋਰ ਆਈਟੀ ਸੰਪਤੀਆਂ ਦੇ ਪ੍ਰਬੰਧ ਲਈ ਆਈਟੀ ਸੁਰੱਖਿਆ ਨੀਤੀ ਤਿਆਰ ਹੋਵੇਗੀ। ਆਈਟੀ ਨੀਤੀ ਵਾਸਤੇ ਕਮੇਟੀ ਦਾ ਗਠਨ ਅਤੇ ਲਾਗੂ ਕਰਨ ਦੀ ਪ੍ਰਕ੍ਰਿਆ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰਿਆਂ ਦੀ ਨਿਗਰਾਨੀ ਹੇਠ ਹੀ ਹੋਵੇਗੀ (ਹਵਾਲਾ: ਧਾਰਾ ੫)।

## ੫. ਪੰਥਕ-ਮੱਤੇ ਲਈ ਪ੍ਰਕਿਰਿਆ ਦੀ ਤਰਤੀਬ:

੫.੧: ਕਿਸੇ ਵੀ ਮਸਲੇ ਬਾਰੇ ਸੁਝਾ ਜਾਂ ਨੀਤੀ ਲਈ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰਿਆਂ ਦੀ ਨਿਗਰਾਨੀ ਹੇਠ ਕਮੇਟੀ ਬਣੇਗੀ। ਇਹ ਪੰਜ ਮੈਂਬਰੀ ਕਮੇਟੀ ਹੋਵੇਗੀ, ਜਿਸਦੇ ਦੋ ਮੈਂਬਰ ਗੁਰਸਿੱਖ ਕੋਰ ਕਮੇਟੀ ਵਿੱਚੋਂ ਅਤੇ ਤਿੰਨ ਮੈਂਬਰ ਸਰਬੱਤ ਖਾਲਸਾ ਪੰਚਾਇਤ ਦੇ ਬਾਕੀ ਨੁਮਾਇੰਦਿਆਂ ਵਿੱਚੋਂ ਹੋਣਗੇ। ਮਸਲੇ ਜਾਂ ਨੀਤੀ ਲਈ ਲੋੜੀਂਦੀ ਨਿਪੁੰਨਤਾ ਦੇ ਅਧਾਰ ਤੇ ਕਮੇਟੀ ਮੈਂਬਰਾਂ ਨੂੰ ਸਥਾਪਤ ਕੀਤਾ ਜਾਵੇਗਾ। ਇਹ ਪੰਜ ਮੈਂਬਰੀ ਕਮੇਟੀ ਜੇ ਚਾਹੇ ਤਾਂ ਹੋਰ ਜਾਣਕਾਰੀ ਜਾਂ ਨਿਪੁੰਨਤਾ ਵਾਸਤੇ ਵਧੇਰੇ ਮੈਂਬਰ ਵੀ ਜੋੜ ਸਕਦੀ ਹੈ। ਵਧੇਰੇ ਮੈਂਬਰ ਨੁਮਾਇੰਦਿਆਂ ਵਿੱਚੋਂ ਵੀ ਹੋ ਸਕਦੇ ਹਨ ਜਾਂ ਬਾਹਰ ਤੋਂ ਵੀ ਲਏ ਜਾ ਸਕਦੇ ਹਨ। ਪਰ ਪ੍ਰਸਤਾਵ ਪੇਸ਼ ਕਰਨ ਦੀ ਜ਼ਿੰਮੇਵਾਰੀ ਪੰਜ ਮੈਂਬਰੀ ਕਮੇਟੀ ਦੀ ਹੋਵੇਗੀ ਜਿਸ ਨੂੰ ਪੰਜ ਪ੍ਰਧਾਨੀ ਕੌਂਸਲ ਨੇ ਥਾਪਿਆ ਹੈ।

੫.੨: ਪੰਜ ਮੈਂਬਰੀ ਕਮੇਟੀ ਵੱਲੋਂ ਆਏ ਸੁਝਾਵਾਂ ਬਾਰੇ ਅਗਰ ਹੋਰ ਸਪਸ਼ਟਤਾ ਜਾਂ ਜਾਣਕਾਰੀ ਦੀ ਲੋੜ ਹੋਵੇ ਤਾਂ ਪੰਜ ਪ੍ਰਧਾਨੀ ਕੌਂਸਲ ਮੁੜ ਵਿਚਾਰ ਲਈ ਪ੍ਰਸਤਾਵ ਨੂੰ ਵਾਪਸ ਭੇਜ ਸਕਦੀ ਹੈ।

੫.੩: ਕੋਈ ਵੀ ਪ੍ਰਵਾਨਗੀ ਜਾਂ ਪੰਥਕ ਮਤਾ ਤਾਂ ਹੀ ਪਾਸ ਮੰਨਿਆ ਜਾਵੇਗਾ ਜਦੋਂ ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰੇ ਉਸ ਨਾਲ ਸਰਬ-ਸੰਮਤੀ ਬਨਾਉਣਗੇ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਚਾਨਣ ਵਿੱਚ ਵਿਚਾਰ-ਵਟਾਂਦਰਾ ਕਰਨਗੇ। ਇਸ ਨਾਲ ਸਰਬੱਤ ਖਾਲਸਾ ਜਥੇਬੰਦੀ ਬਹੁਮੱਤਵਾਦ ਤੋਂ ਵੀ ਬੱਚਿਆ ਰਹੇਗਾ।

੫.੪: ਪੰਜ ਪ੍ਰਧਾਨੀ ਕੌਂਸਲ ਵਿੱਚ ਸਰਬ-ਸੰਮਤੀ ਨਾ ਬਣਨ ਦੇ ਹਾਲਾਤ ਵਿੱਚ ਪੰਜੇ ਪਿਆਰੇ ਆਪਣਾ ਪੱਖ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਚਾਨਣ ਵਿੱਚ ਲਿਖਤੀ ਰੂਪ ਵਿੱਚ ਸਰਬੱਤ ਖਾਲਸੇ ਦੇ ਸਾਹਮਣੇ ਰੱਖਣਗੇ। ਇਸ ਮਸਲੇ ਨੂੰ ਅਗਲੇ ਥਾਪੇ ਗਏ ਪੰਜ ਪ੍ਰਧਾਨੀ ਕੌਂਸਲ ਦੇ ਪੰਜੇ ਪਿਆਰੇ ਮੁੜ ਵਿਚਾਰ ਅਧੀਨ ਲਿਆ ਸਕਦੇ ਹਨ ਅਤੇ ਜੇ ਸਰਬ-ਸੰਮਤੀ ਬਣ ਜਾਵੇ ਤਾਂ ਪੰਥਕ ਮੱਤਾ ਪੇਸ਼ ਕਰ ਸਕਦੇ ਹਨ।

## ੬. ਸਿੱਖ ਸੰਸਥਾਵਾਂ ਦੀ ਰਜਿਸਟ੍ਰੇਸ਼ਨ ਲਈ ਯੋਗਤਾ ਦਾ ਮਿਆਰ:

੬.੧: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੂਰਾ ਗੁਰੂ ਮੰਨਣ ਵਾਲਿਆਂ, ਦਸ ਗੁਰੂ ਸਾਹਿਬਾਨ ਦੀ ਨਿਰੰਤਰਤਾ ਅਤੇ ਖੰਡੇ-ਬਾਟੇ ਦੀ ਪਾਹੁਲ ਤੇ ਪੂਰਨ ਨਿਸ਼ਚਾ ਰੱਖਣ ਵਾਲੀਆਂ ਸਿੱਖ ਸੰਸਥਾਂਵਾਂ ਅਤੇ ਪ੍ਰਬੰਧਕ ਕਮੇਟੀਆਂ।

੬.੨: ਉਹ ਸਿੱਖ ਸੰਸਥਾਂਵਾ ਜਾਂ ਪ੍ਰਬੰਧਕ ਕਮੇਟੀਆਂ ਜਿਸਦੇ ਪ੍ਰਬੰਧਕੀ ਢਾਂਚੇ ਜਾਂ ਮੁਖੀ ਨੂੰ ਬਿਨਾਂ ਰਾਜਸੀ ਦਖਲਅੰਦਾਜ਼ੀ ਦੇ ਉਸ ਨਾਲ ਜੁੜੀ ਸਿੱਖ ਸੰਗਤ ਨਿਰਧਾਰਤ ਨਿਯਮਾਂ ਅਨੁਸਾਰ ਚੁਣਦੀ ਹੈ।

## ੭. ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਦੀਆਂ ਨਾਮਜ਼ਦਗੀਆਂ ਲਈ ਯੋਗਤਾ ਦਾ ਮਿਆਰ:

੭.੧: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੂਰਾ ਗੁਰੂ ਮੰਨਣ ਵਾਲੇ, ਦਸ ਗੁਰੂ ਸਾਹਿਬਾਨ ਦੀ ਨਿਰੰਤਰਤਾ ਤੇ ਪੂਰਨ ਨਿਸ਼ਚਾ ਰਖਣ ਵਾਲੇ ਅਤੇ ਖੰਡੇ-ਬਾਟੇ ਦੀ ਪਾਹੁਲ ਦੇ ਧਾਰਨੀ ਸਿੰਘ ਜਾਂ ਸਿੰਘਣੀਆਂ।

੭.੨: ਸਿੰਘ ਜਾਂ ਸਿੰਘਣੀ ਟੇਬਲ-੨ ਵਿੱਚ ਨਿਰਧਾਰਤ ਕਿਸੇ ਨਾ ਕਿਸੇ ਨਿਰਧਾਰਤ ਕਿੱਤੇ ਵਿੱਚ ਨਿਪੁੰਨਤਾ ਰੱਖਦਾ / ਰੱਖਦੀ ਹੋਵੇ।

੭.੩: ਨਾਮਜ਼ਦ ਉਮੀਦਵਾਰ ਕਿਸੇ ਰਾਜਨੀਤਕ ਪਾਰਟੀ ਦਾ ਅਹੁਦੇਦਾਰ ਨਾ ਹੋਵੇ।

(ਨਾਮਜ਼ਦ ਵਿਅਕਤੀਆਂ ਕੋਲ ਨਿਮਰਤਾ ਦੇ ਨਾਲ ਨਾਲ ਨਿਰਭਉ ਅਤੇ ਨਿਰਵੈਰਤਾ ਵਾਲ਼ੇ ਦੇ ਗੁਣਾਂ ਦੁਆਰਾ ਅਗਵਾਈ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ।)

## ੮. ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਨੂੰ ਚੁਣਨ ਲਈ ਤਰਜੀਹ ਦੀ ਤਰਤੀਬ:

੮.੧: ਖਿੱਤੇ (ਦੇਸ਼/ਰਾਜ/ਜ਼ਿਲ੍ਹਾ) ਦੀਆਂ ਨਾਮਜ਼ਦਗੀਆਂ ਨੂੰ ਨਿਪੁੰਨਤਾ ਨਾਲੋਂ ਤਰਜੀਹ ਦਿੱਤੀ ਜਾਵੇਗੀ।

੮.੨: ਘੱਟ ਗਿਣਤੀ ਨੁਮਾਇੰਦਗੀ ਵਾਲੇ ਛੋਟੇ ਖਿੱਤਿਆਂ ਦੀਆਂ ਨਾਮਜ਼ਦਗੀਆਂ ਨੂੰ ਵੱਧ ਗਿਣਤੀ ਵਾਲੇ ਖਿੱਤਿਆਂ ਤੋਂ ਪਹਿਲਾਂ ਭਰਿਆ ਜਾਵੇਗਾ।

੮.੩: ਖਿੱਤੇ ਵਿੱਚ, ਪਹਿਲ ਉਸ ਨਿਪੁੰਨਤਾ ਨੂੰ ਦਿੱਤੀ ਜਾਵੇਗੀ ਜਿਸਦੀ ਨਾਮਜ਼ਦਗੀ ਲੋੜੀਂਦੀ ਗਿਣਤੀ ਤੋਂ ਘੱਟ ਪ੍ਰਤੀਸ਼ਤ ਵਿੱਚ ਹੋਵੇਗੀ। ਦੂਜੀ ਤਰਜੀਹ ਮਹਿਲਾਵਾਂ ਨੂੰ, ਅਤੇ ਤੀਜੀ ਤਰਜੀਹ ਘੱਟ ਉਮਰ ਵਾਲਿਆਂ ਨੂੰ ਦਿੱਤੀ ਜਾਵੇਗੀ।

੮.੪: ਨਿਪੁੰਨਤਾ ਦਾ ਨੁਮਾਇੰਦਗੀ ਨੰਬਰ ਅੰਤਿਕਾ ਟੇਬਲ-੨ ਵਿੱਚ ਪ੍ਰਸਤਾਵਿਤ ਗਿਣਤੀ ਤੋਂ ਵਧਾਇਆ ਜਾ ਸਕਦਾ ਹੈ, ਜੇਕਰ ਨਿਪੁੰਨਤਾ ਲਈ ਨਾਮਜ਼ਦਗੀਆਂ ਖਿੱਤੇ ਵਿੱਚ ਪ੍ਰਾਪਤ ਨਹੀਂ ਹਨ। ਹਾਲਾਂਕਿ, ਕਿਸੇ ਵੀ ਖਿੱਤੇ ਵਿੱਚ ਅੰਤਿਕਾ ਟੇਬਲ-੧ ਵਿੱਚ ਨਿਰਧਾਰਤ ਗਿਣਤੀ ਤੋਂ ਵੱਧ ਨੁਮਾਇੰਦਗੀ ਨਹੀਂ ਹੋ ਸਕਦੀ, ਸਿਵਾਏ ਉਸ ਵਿਸ਼ੇਸ਼ ਸਥਿਤੀ ਵਿੱਚ ਜਦੋਂ ਧਾਰਾ ੩.੧੦ ਲਾਗੂ ਹੁੰਦੀ ਹੈ।

## ੯. ਨਿਰੰਤਰ ਸੁਧਾਰ:

ਸਰਬੱਤ ਖਾਲਸਾ ਜਥੇਬੰਦੀ ਦੇ ਕਾਰਜ ਵਿਧੀ ਵਿੱਚ ਸੁਧਾਰਾਂ ਲਈ, ਹਰ ਢਾਈ ਸਾਲ ਬਾਅਦ ਪੰਜ ਪ੍ਰਧਾਨੀ ਕੌਂਸਲ ਦੀ ਨਿਗਰਾਨੀ ਹੇਠ ਪੰਜ ਮੈਂਬਰੀ ਕਮੇਟੀ ਦਾ ਗਠਨ ਹੋਵੇਗਾ (ਹਵਾਲਾ: ਧਾਰਾ ੫) ਜੋ ਲੋੜੀਂਦੀਆਂ ਸੋਧਾਂ ਦੇ ਪ੍ਰਸਤਾਵ ਤੇ ਕੰਮ ਕਰੇਗੀ। ਤੀਜੇ ਅਤੇ ਪੰਜਵੇਂ ਸਾਲ ਦੇ ਜੁਲਾਈ ਅਤੇ ਅਗਸਤ ਮਹੀਨਿਆਂ ਵਿੱਚ ਕਮੇਟੀ ਵਿਚਾਰ-ਵਟਾਂਦਰਾ ਕਰੇਗੀ। ਅਕਤੂਬਰ ਦੇ ਅੰਤ ਤੋਂ ਪਹਿਲਾਂ ਪੰਜ ਪ੍ਰਧਾਨੀ ਕੌਂਸਲ ਦੁਆਰਾ ਇਸ ਦੀ ਪੜਚੋਲ ਕੀਤੀ ਜਾਵੇਗੀ ਅਤੇ ਪ੍ਰਵਾਨਗੀ ਦਿੱਤੀ ਜਾਵੇਗੀ। ਸਿਧਾਂਤ ਦੀ ਸਥਿਰਤਾ, ਕਾਰਵਾਈ ਵਿਚ ਪਾਰਦਰਸ਼ਤਾ, ਸੰਗਤ ਦੀ ਨੁਮਾਇੰਦਗੀ ਵਿੱਚ ਸੁਧਾਰ ਅਤੇ ਸਰਬੱਤ ਖ਼ਾਲਸਾ ਦੀ ਪ੍ਰਭੁਸੱਤਾ ਨੂੰ ਬਰਕਰਾਰ ਰੱਖਣਾ ਸੁਧਾਰ ਲਈ ਪ੍ਰਸਤਾਵਾਂ ਅਤੇ ਪ੍ਰਵਾਨਤ ਸੋਧਾਂ ਲਈ ਮਾਰਗ-ਦਰਸ਼ਕ ਅਕੀਦਾ ਹੋਣਾ ਚਾਹੀਦਾ ਹੈ।

## ੧੦. ਪ੍ਰਕਿਰਿਆ ਦੇ ਪ੍ਰਵਾਹ ਲਈ ਸਮਾਂ-ਸੂਚੀ:

੧੦.੧: ਸਰਬੱਤ ਖਾਲਸਾ ਜਥੇਬੰਦੀ ਵਿੱਚ ਰਜਿਸਟਰਡ ਹੋਣ ਦੀ ਆਖਰੀ ਮਿਤੀ ਕਾਰਜਕਾਲ ਦੇ ਪੰਜਵੇਂ ਸਾਲ ਦੀ ਪਹਿਲੀ ਦਸੰਬਰ ਹੈ। ਪੰਜ ਪ੍ਰਧਾਨੀ ਕੌਂਸਲ ਦੋ ਹਫ਼ਤਿਆਂ ਦੇ ਅੰਦਰ ਅੰਦਰ ਯੋਗਤਾ ਦੀ ਜਾਂਚ ਕਰਕੇ ਸਾਰੇ ਫਾਰਮਾਂ ਨੂੰ ਮਨਜ਼ੂਰ/ਨਾਮਨਜ਼ੂਰ ਕਰੇਗੀ। ਸਿੱਖ ਸੰਸਥਾਵਾਂ ਦੇ ਰਜਿਸਟਰੇਸ਼ਨ ਫਾਰਮਾਂ ਦੀ ਜਾਂਚ-ਪੜਚੋਲ 15 ਅਪ੍ਰੈਲ ਤੋਂ ਬਾਅਦ ਪੰਜ ਪ੍ਰਧਾਨੀ ਕੌਂਸਲ ਦੁਆਰਾ ਦੁਬਾਰਾ ਸ਼ੁਰੂ ਕੀਤੀ ਜਾਵੇਗੀ। (ਪੰਜਵੇਂ ਸਾਲ ਦੀ 1 ਦਸੰਬਰ ਤੋਂ ਪਹਿਲੇ ਸਾਲ ਦੀ 15 ਅਪ੍ਰੈਲ, ਸਾਡੇ ਚਾਰ ਮਹੀਨੇ, ਨੂੰ ਛੱਡ

ਕੇ ਸਿੱਖ ਸੰਸਥਾਵਾਂ ਕਿਸੇ ਸਮੇਂ ਵੀ ਰਜਿਸਟਰੇਸ਼ਨ ਫਾਰਮ ਭਰ ਸਕਦੀਆਂ ਹਨ ਅਤੇ ਪੰਜ ਪ੍ਰਧਾਨੀ ਕੌਂਸਲ ਯੋਗਤਾ ਦੀ ਜਾਂਚ ਕਰਕੇ ਉਸਨੂੰ ਨਾਲੋ-ਨਾਲ ਮਨਜ਼ੂਰ/ਨਾਮਨਜ਼ੂਰ ਕਰੇਗੀ।)

੧੦.੨: ਗੁਰਸਿੱਖ ਕੋਰ ਕਮੇਟੀ ਕਾਰਜਕਾਲ ਦੇ ਪੰਜਵੇਂ ਸਾਲ ਦੀ 1 ਦਸੰਬਰ ਤੱਕ ਟੇਬਲ-੧ ਵਿੱਚ ਤਾਜ਼ਾ ਆਬਾਦੀ ਦੇ ਅੰਕੜਿਆਂ ਨਾਲ ਖਿੱਤਾ ਅਧਾਰਤ ਨੁਮਾਇੰਦਗੀ ਨੂੰ ਅਪਡੇਟ ਕਰਨ ਦਾ ਪ੍ਰਸਤਾਵ ਕਰੇਗੀ। ਪੰਜ ਪ੍ਰਧਾਨੀ ਕੌਂਸਲ 14 ਦਿਨਾਂ ਦੇ ਅੰਦਰ ਅੰਦਰ ਜਾਂਚ-ਪੜਚੋਲ ਕਰਕੇ ਪ੍ਰਵਾਨਗੀ ਦੇਵੇਗੀ।

੧੦.੩: ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਲਈ ਨਾਮਜ਼ਦਗੀਆਂ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਕਾਰਜਕਾਲ ਦੇ ਪੰਜਵੇਂ ਸਾਲ ਦੀ 5 ਜਨਵਰੀ ਹੈ। ਪੰਜ ਪ੍ਰਧਾਨੀ ਕੌਂਸਲ ਉਸੇ ਸਾਲ 12 ਜਨਵਰੀ ਤੱਕ ਨਾਮਜ਼ਦਗੀਆਂ ਨੂੰ ਮਨਜ਼ੂਰ ਜਾਂ ਨਾਮਨਜ਼ੂਰ ਕਰੇਗੀ।

੧੦.੪: ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਨੂੰ 14 ਮਾਰਚ (ਨਾਨਕਸ਼ਾਹੀ ਕੈਲੰਡਰ ਅਨੁਸਾਰ ੧ ਚੇਤ) ਤੱਕ ਫਾਈਨਲ ਕੀਤਾ ਜਾਵੇਗਾ। ਇਸ ਤਾਰੀਖ ਨੂੰ ਹੀ ਪਹਿਲੇ ਸਾਲ ਦੀ ਸ਼ੁਰੂਆਤ ਅਤੇ ਪੰਜ ਸਾਲਾਂ ਦੀ ਮਿਆਦ ਦੀ ਸ਼ੁਰੂਆਤ ਮੰਨਿਆ ਜਾਵੇਗਾ।

੧੦.੫: ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦੇ ਜੋ ਗੁਰਸਿੱਖ ਕੋਰ ਕਮੇਟੀ ਦਾ ਹਿੱਸਾ ਬਣਨਾ ਚਾਹੁੰਦੇ ਹਨ, ਉਹ ਆਪਣੇ ਨਾਮ 20 ਮਾਰਚ ਤੱਕ ਪੰਜ ਪ੍ਰਧਾਨੀ ਕੌਂਸਲ ਨੂੰ ਭੇਜਣਗੇ। ਪੰਜ ਪ੍ਰਧਾਨੀ ਕੌਂਸਲ 31 ਮਾਰਚ ਤੱਕ ਟੇਬਲ-੧ ਅਤੇ ਟੇਬਲ-੨ ਦੇ ਆਧਾਰ 'ਤੇ ਗੁਰਸਿੱਖ ਕੋਰ ਕਮੇਟੀ ਮੈਂਬਰਾਂ ਦੇ ਨਾਵਾਂ ਨੂੰ ਫਾਈਨਲ ਕਰੇਗੀ।

੧੦.੬: ਗੁਰਸਿੱਖ ਕੋਰ ਕਮੇਟੀ 14 ਅਪ੍ਰੈਲ (ਨਾਨਕਸ਼ਾਹੀ ਕੈਲੰਡਰ ਅਨੁਸਾਰ ੧ ਵੈਸਾਖ) ਨੂੰ ਪੰਜ ਪਿਆਰਿਆਂ ਦੇ ਨਾਵਾਂ ਵਿੱਚੋਂ ਤਿੰਨ ਨਾਵਾਂ ਦਾ ਐਲਾਨ ਕਰੇਗੀ, ਬਾਕੀ ਦੋ ਪਿਛਲੀ ਮਿਆਦ ਦੇ ਸਰਬੱਤ ਖਾਲਸਾ ਵਿੱਚੋਂ ਹੋਣਗੇ ਜਿਨ੍ਹਾਂ ਦੀ ਪੰਜ ਸਾਲਾ ਮਿਆਦ ਅਜੇ ਖਤਮ ਨਹੀਂ ਹੋਈ।

੧੦.੭: ਨਵੀਆਂ ਸਿੱਖ ਸੰਸਥਾਵਾਂ ਲਈ ਰਜਿਸਟ੍ਰੇਸ਼ਨ ਅਤੇ ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਲਈ ਨਾਮਜ਼ਦਗੀਆਂ ਪਹਿਲੇ ਸਾਲ 15 ਅਪ੍ਰੈਲ ਤੋਂ ਦੁਬਾਰਾ ਸ਼ੁਰੂ ਹੋਣਗੀਆਂ। ਵੱਧ ਤੋਂ ਵੱਧ ਸਿੱਖ ਸੰਸਥਾਵਾਂ ਸਰਬੱਤ ਖ਼ਾਲਸਾ ਜਥੇਬੰਦੀ ਵਿੱਚ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੀਆਂ ਹਨ।

੧੦.੮: ਗੁਰਸਿੱਖ ਕੋਰ ਕਮੇਟੀ ਤੀਜੇ ਸਾਲ ਦੀ 1 ਦਸੰਬਰ ਤੱਕ ਪੰਜ ਪ੍ਰਧਾਨੀ ਕੌਂਸਲ ਵਾਸਤੇ ਪੰਜ ਪਿਆਰਿਆਂ ਲਈ ਦੋ ਨਵੇਂ ਨਾਵਾਂ ਤੇ ਸਹਿਮਤੀ ਬਣਾਵੇਗੀ। ਇਹਨਾ ਦੋ ਦੀ ਮਿਆਦ 14 ਦਸੰਬਰ (ਨਾਨਕਸ਼ਾਹੀ ਕੈਲੰਡਰ ਅਨੁਸਾਰ ੧ ਪੋਹ) ਤੋਂ ਸ਼ੁਰੂ ਹੋ ਜਾਵੇਗੀ।

੧੦.੯: ਸਰਬੱਤ ਖਾਲਸਾ ਜਥੇਬੰਦੀ ਦੇ ਕਾਰਜਕਾਲ ਦੇ ਤੀਜੇ ਅਤੇ ਪੰਜਵੇਂ ਸਾਲ ਦੀ 31 ਅਗਸਤ ਤੱਕ ਧਾਰਾ ੫ ਅਨੁਸਾਰ ਵਿਧਾਨ ਵਿੱਚ ਸੋਧਾਂ ਦਾ ਪ੍ਰਸਤਾਵ ਆਵੇਗਾ। ਪੰਜ ਪ੍ਰਧਾਨੀ ਕੌਂਸਲ 31 ਅਕਤੂਬਰ ਤੱਕ ਜਾਂਚ-ਪੜਚੋਲ ਕਰਕੇ ਪ੍ਰਵਾਨਗੀ ਦੇਵੇਗੀ।

## ੧੧. ਅੰਤਿਕਾ:

ਟੇਬਲ-੧ ਵਿੱਚ ਖਿੱਤਾ-ਅਧਾਰਤ ਨੁਮਾਇੰਦਗੀ ਦੀ ਤਜਵੀਜ਼ ਹੈ।

ਟੇਬਲ-੨ ਵਿੱਚ ਕਿੱਤਾ (ਮੁਹਾਰਤ) ਅਧਾਰਤ ਨੁਮਾਇੰਦਗੀ ਦੀ ਤਜਵੀਜ਼ ਹੈ।

(ਟੇਬਲ-੧ ਅਤੇ ਟੇਬਲ-੨ ਅਧਿਕਾਰਤ ਵੈੱਬਸਾਈਟ **https://sarbatkhalsa.world** ਤੋਂ ਦੇਖੇ ਜਾ ਸਕਦੇ ਹਨ।)

## ੧੨. ਜਥੇਬੰਦੀ ਦੀ ਬਣਤਰ ਦਾ ਤਸਵੀਰੀ ਨਿਰੂਪਣ:



ਸੰਵਾਦ ਰਾਹੀਂ ਸਰਬੱਤ ਖਾਲਸਾ ਜਥੇਬੰਦੀ ਦਾ ਸੰਕਲਪ ਅਤੇ ਵਿਧਾਨ ਤਿਆਰ ਕਰਨ ਵਿੱਚ ਯੋਗਦਾਨ ਪਾਉਣ ਵਾਲੇ ਮੈਂਬਰਾਂ ਦੇ ਨਾਮ ਗੁਰਮੁਖੀ ਵਰਣਮਾਲਾ ਤਰਤੀਬ ਵਿੱਚ ਹੇਠ ਲਿੱਖੇ ਹਨ:

ਡਾ: ਓਅੰਕਾਰ ਸਿੰਘ (ਫੀਨਿਕਸ), ਸ. ਕੁਲਦੀਪ ਸਿੰਘ (ਰਿਚਮੰਡ ਬੀਸੀ), ਪ੍ਰੋ: ਗੁਰਚਰਨ ਸਿੰਘ (ਫਲੋਰੀਡਾ), ਸ. ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਗਿਆਨੀ ਜਗਤਾਰ ਸਿੰਘ ਜਾਚਕ (ਨਿਊਯਾਰਕ), ਸ. ਜਗਧਰ ਸਿੰਘ (ਰਾਣੀਗੰਜ), ਸਰਦਾਰਨੀ ਜਸਬੀਰ ਕੌਰ (ਓਹਾਇਓ), ਡਾ. ਜਸਵੰਤ ਸਿੰਘ (ਫੀਨਿਕਸ), ਸ. ਤੇਜਿੰਦਰ ਸਿੰਘ (ਦਿੱਲੀ), ਸ. ਨਿਰਮਲ ਸਿੰਘ (ਵਿਕਟੋਰੀਆ ਬੀਸੀ), ਸ. ਪਰਮਪਾਲ ਸਿੰਘ (ਫਰਿਜ਼ਨੋ), ਡਾ: ਪ੍ਰੇਮ ਸਿੰਘ (ਸ਼ਿਮਲਾ), ਡਾ: ਬ੍ਰਿਜ ਪਾਲ ਸਿੰਘ (ਪਟਿਆਲਾ), ਸ. ਮਹਿੰਦਰ ਸਿੰਘ ਤਾਲਿਬ (ਦਿੱਲੀ), ਸਰਦਾਰਨੀ ਮਨਦੀਪ ਕੌਰ (ਦੁਬਈ)।

**ਮਿਤੀ: ੧ ਵੈਸਾਖ, ਨਾਨਕਸ਼ਾਹੀ ਸੰਮਤ ੫੫੬ / 14 ਅਪ੍ਰੈਲ, 2024**

---

ਸਰਬੱਤ ਖਾਲਸਾ ਜਥੇਬੰਦੀ ਦਾ ਸੰਕਲਪ ਜਾਣਨ ਲਈ ਅਤੇ ਸਰਬੱਤ ਖਾਲਸਾ ਜਥੇਬੰਦੀ ਦੇ ਨਾਲ ਜੁੜਨ ਲਈ ਦੇਖੋ: **https://sarbatkhalsa.world**